# ਡੇਰਾ ਬਾਬਾ ਨਾਨਕ

## (ਭਾਸ਼ਾਈ ਅਤੇ ਸੱਭਿਆਚਾਰਕ ਸਰਵੇਖਣ)



**ਭਾਸ਼ਾ ਵਿਭਾਗ, ਪੰਜਾਬ**

3_DBNTITLECRV-P1.assg

# ਡੇਹਰਾ ਬਾਬਾ ਨਾਨਕ

(ਭਾਸ਼ਾਈ ਅਤੇ ਸੱਭਿਆਚਾਰਕ ਸਰਵੇਖਣ)

ਡਾ. ਭੁਪਿੰਦਰ ਸਿੰਘ ਮੱਟੂ

ਭਾਸ਼ਾ ਵਿਭਾਗ, ਪੰਜਾਬ

## ਡੇਹਰਾ ਬਾਬਾ ਨਾਨਕ ਦਾ ਸਰਵੇ



ਭਾਸ਼ਾ ਵਿਭਾਗ ਪੰਜਾਬ ਕਈ ਦਹਾਕਿਆਂ ਤੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਪ੍ਰਸਿੱਧ ਪੁਰਾਤਨ ਧਾਰਮਿਕ, ਇਤਿਹਾਸਕ ਸਥਾਨਾਂ ਦਾ ਭਾਸ਼ਾਈ ਤੇ ਸਭਿਆਚਾਰਕ ਸਰਵੇਖਣ ਕਰਵਾ ਰਿਹਾ ਹੈ। ਇਸ ਲੜੀ ਤਹਿਤ ਵਿਭਾਗ ਵਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਰਵੇ ਪੁਸਤਕ 'ਡੇਹਰਾ ਬਾਬਾ ਨਾਨਕ' ਪੁਸਤਕ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

'ਡੇਹਰਾ ਬਾਬਾ ਨਾਨਕ' ਸਰਵੇ ਪੁਸਤਕ ਲਿਖਣ ਦੀ ਜ਼ਿੰਮੇਵਾਰੀ ਡਾਇਰੈਕਟਰ ਭਾਸ਼ਾ ਵਿਭਾਗ ਜੀ ਵੱਲੋਂ ਮੈਨੂੰ ਸੌਂਪੀ ਗਈ। ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਗੁਰੂ ਨਾਨਕ ਪਾਤਸ਼ਾਹ ਵੱਲੋਂ ਕੋਈ ਰੱਬੀ ਬਖ਼ਸ਼ਿਸ ਮਿਲ ਗਈ ਹੋਵੇ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ 'ਡੇਹਰਾ ਬਾਬਾ ਨਾਨਕ' ਦਾ ਸਰਵੇਖਣ ਕਰਨਾ ਮੇਰੇ ਲਈ ਹੋਰ ਵੀ ਮਹੱਤਵ ਪੂਰਨ ਹੋ ਨਿਬੜਿਆ ਕਿਉਂਕਿ ਸਿੱਖ ਸੰਗਤ ਦੀ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਮੰਗ ਤੇ ਦੋਹਾਂ ਦੇਸ਼ਾਂ (ਭਾਰਤ ਤੇ ਪਾਕਿਸਤਾਨ) ਦੀਆ ਸਰਕਾਰਾਂ ਵਲੋਂ ਖੁਲ੍ਹਦਿਲੀ ਵਿਖਾ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ 'ਤੇ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਿਆ ਜਾ ਰਿਹਾ ਹੈ। ਇਸ ਨਾਲ ਤਤਕਾਲੀ ਸਥਿਤੀ ਨੂੰ ਪਾਠਕਾਂ ਦੇ ਸਨਮੁੱਖ ਕਰਨ ਦੀ ਮੇਰੀ ਜ਼ਿੰਮੇਵਾਰੀ ਹੋਰ ਵਧ ਗਈ।

ਡੇਹਰਾ ਬਾਬਾ ਨਾਨਕ ਪੁਸਤਕ ਦੇ ਸਰਵੇ ਸਬੰਧੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਸ੍ਰੀਮਤੀ ਕਰਮਜੀਤ ਕੌਰ ਜੀ ਦੀ ਅਗਵਾਈ ਹੇਠ ਸਰਵੇ ਟੀਮ ਬਟਾਲਾ ਦਾ ਸਰਵੇ ਕਰਨ ਉਪਰੰਤ ਡੇਹਰਾ ਬਾਬਾ ਨਾਨਕ ਵਿਖੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੂਹ ਪ੍ਰਾਪਤ ਇਤਿਹਾਸਕ ਗੁਰਦੁਆਰੇ ਦੇ ਦਰਸ਼ਨਾਂ ਲਈ ਪਹੁੰਚੀ। ਇਸ ਸਮੇਂ ਰਹਿਰਾਸ ਸਾਹਿਬ ਦਾ ਪਾਠ ਹੋ ਰਿਹਾ ਸੀ। ਇਸ ਉਪਰੰਤ ਗੁਰੂ ਸਾਹਿਬ ਜੀ ਦੇ ਸਰੂਪ ਦਾ ਸੁਖ ਆਸਨ ਹੋਇਆ। ਸੁਖ ਆਸਨ ਤੋਂ ਬਾਅਦ ਸਰਵੇ ਟੀਮ ਜਿਸ ਵਿਚ ਮੇਰੇ ਤੋਂ ਇਲਾਵਾ ਸ੍ਰੀਮਤੀ ਪ੍ਰਿਤਪਾਲ ਕੌਰ ਸਹਾਇਕ ਡਾਇਰੈਕਟਰ, ਸ੍ਰੀਮਤੀ ਕੰਵਲਜੀਤ ਕੌਰ ਸਹਾਇਕ ਡਾਇਰੈਕਟਰ, ਡਾ. ਹਰਨੇਕ ਸਿੰਘ ਸਹਾਇਕ ਡਾਇਰੈਕਟਰ, ਸ: ਭੁਪਿੰਦਰਪਾਲ ਸਿੰਘ, ਸੀਨੀਅਰ ਸਹਾਇਕ ਸ਼ਾਮਲ ਸਨ। ਇਸ ਉਪਰੰਤ ਸਰਵੇ ਪਾਰਟੀ ਨੇ ਲੰਗਰ ਛਕਿਆ ਤੇ ਗੁਰਦੁਆਰਾ ਸਾਹਿਬ ਦੀ ਸਰਾਂ ਵਿਚ ਅਰਾਮ ਕੀਤਾ। ਅੰਮ੍ਰਿਤ ਵੇਲੇ ਗੁਰੂ ਘਰ ਦੇ ਕੀਰਤਨੀਏ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ ।ਸਾਰੀ ਟੀਮ ਨੇ ਗੁਰਦੁਆਰਾ ਸਾਹਿਬ ਪਹੁੰਚ ਕੇ ਕੀਰਤਨ ਦੀ ਮਿੱਠੀ ਧੁਨ ਅਤੇ ਆਸਾ ਦੀ ਵਾਰ ਦਾ ਅਨੰਦ ਲਿਆ। ਉਪਰੰਤ ਗੁਰਦੁਆਰਾ ਸਾਹਿਬ ਦੇ ਅੰਦਰ ਕਥਾ ਵਾਚਕ ਨੇ ਕਥਾ ਕਰਕੇ ਸਾਨੂੰ ਇਸ ਪਾਵਨ ਛੂਹ ਧਰਤੀ ਦਾ ਅਹਿਸਾਸ ਦੁਆਇਆ ਅਤੇ ਮੰਤਰ ਮੁਗਧ ਕੀਤਾ। ਇਸ ਉਪਰੰਤ ਹੈੱਡ ਗ੍ਰੰਥੀ ਸ. ਗੁਰਪ੍ਰੀਤ ਸਿੰਘ ਜੀ ਨੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਅਤੇ ਸਰਜੀ ਸਾਹਿਬ (ਅਜਿੱਤੇ ਰੰਧਾਵੇ ਦਾ ਖੂਹ) ਦਾ ਪੂਰਾ ਇਤਿਹਾਸ ਵਰਨਣ ਕੀਤਾ। ਥੋੜ੍ਹੀ ਦੇਰ ਬਾਅਦ ਮੈਨੇਜਰ ਸ. ਰਣਜੀਤ ਸਿੰਘ ਵੀ ਆ ਪਹੁੰਚੇ ਉਨ੍ਹਾਂ ਨੇ ਸਾਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੀ ਨਵੀਂ ਬਣ ਰਹੀ ਇਮਾਰਤ, ਸਰਾਵਾਂ ਆਦਿ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ।

ਗੁਰਦੁਆਰਾ ਸਾਹਿਬ ਵਿਚ ਹੋ ਰਹੇ ਕੀਰਤਨ ਦਾ ਰਸ ਮਾਣਦੀ ਸਮੁੱਚੀ ਸਰਵੇ ਟੀਮ ਗੁਰਦੁਆਰਾ ਚੋਲਾ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਹੋਈ। ਸਭ ਤੋਂ ਪਹਿਲਾਂ ਟੀਮ 'ਇਤਿਹਾਸਕ ਗੁਰਦੁਆਰਾ ਲੰਗਰ ਮੰਦਰ ਸ੍ਰੀ ਚੋਲਾ ਸਾਹਿਬ' ਜੋ 'ਇਤਿਹਾਸਕ ਗੁਰਦੁਆਰਾ ਚੋਲਾ ਸਾਹਿਬ' ਅਤੇ 'ਇਤਿਹਾਸਕ ਅੱਠ ਨੁਕਰਾ ਖੂਹ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਵਿਖੇ ਪਹੁੰਚੀ ਜਿੱਥੇ ਬਾਬਾ ਕਾਬਲੀ ਮਲ ਜੀ ਚੋਲਾ ਲੈ ਕੇ ਆਏ ਸਨ। ਇਥੇ ਬਾਬਾ ਕਾਬਲੀ ਮਲ ਜੀ ਦੀ ਸਮਾਧ ਬਣੀ ਹੋਈ ਹੈ ਅਤੇ ਨੇੜੇ ਹੀ ਅੱਠ ਨੁਕਰਾ ਖੂਹ ਵੀ ਮੌਜੂਦ ਹੈ। ਇਸ ਉਪਰੰਤ ਸਰਵੇ ਟੀਮ ਗੁਰਦੁਆਰਾ ਚੋਲਾ ਸਾਹਿਬ ਪਹੁੰਚੀ। ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚੋਲਾ, ਬੇਬੇ ਨਾਨਕੀ ਦਾ ਰੁਮਾਲ, ਚੌਰ ਸਾਹਿਬ ਅਤੇ ਹਰੀ ਸਿੰਘ ਨਲੂਆ ਦੁਆਰਾ ਭੇਟ ਕੀਤੇ 5 ਰੁਮਾਲੇ ਸਾਹਿਬ ਦੇ ਦਰਸ਼ਨ ਕੀਤੇ। ਸ. ਸੇਵਾ ਸਿੰਘ ਸਾਬਕਾ ਲੈਫਟੀਨੈਂਟ ਕਰਨਲ ਨੇ ਇਸ ਗੁਰਦੁਆਰਾ ਸਾਹਿਬ ਅਤੇ ਬੇਦੀ ਪਰਿਵਾਰ ਦੇ ਇਤਿਹਾਸ ਬਾਰੇ ਦੱਸਿਆ ਅਤੇ ਟੀਮ ਦੀ ਲੰਗਰ-ਪਾਣੀ ਨਾਲ ਸੇਵਾ ਕੀਤੀ।

ਇਸ ਤੋਂ ਬਾਅਦ ਸਰਵੇ ਟੀਮ ਭਾਰਤ-ਪਾਕਿਸਤਾਨ ਸਰਹੱਦ 'ਤੇ ਪਹੁੰਚੀ, ਜਿੱਥੇ ਦੂਰਬੀਨ ਰਾਹੀਂ ਅਕਾਸ਼ ਵਿਚ

ਲਿਸ਼ਕਦੇ ਚਿੱਟੇ ਸੰਗਮਰਮਰ ਵਾਂਗ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਸਰਵੇ ਟੀਮ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਪਣੇ ਕਰ-ਕਮਲਾਂ ਨਾਲ ਵਰੋਸਾਈ ਇਸ ਮਹਾਨ ਪਵਿੱਤਰ ਧਰਤੀ ਨੂੰ ਨਤਮਸਤਕ ਹੋਣ ਉਪਰੰਤ ਸਰਹੱਦ ਤੇ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਸਿੱਧ ਸੈਂਹ ਰੰਧਾਵਾ ਦੇ ਦਰਸ਼ਨ ਕੀਤੇ ਅਤੇ ਭਾਰਤ ਅਤੇ ਪਾਕਿਸਤਾਨ ਵਲੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨਾਲ ਸਬੰਧਿਤ ਹੋ ਰਹੇ ਵਿਕਾਸ ਕਾਰਜਾਂ ਨੂੰ ਨੇੜਿਓਂ ਹੋ ਕੇ ਵੇਖਿਆ। ਅਸੀਂ ਸਾਰਿਆਂ ਨੇ ਉਸ ਅਕਾਲ ਪੁਰਖ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਉਪਰੰਤ ਸਾਰੀ ਸਰਵੇ ਟੀਮ ਮੰਦਰ ਟਾਹਲੀ ਸਾਹਿਬ ਪੱਖੋਕੇ, ਮੰਦਰ ਟਾਹਲੀ ਸਾਹਿਬ ਚੰਦੂ ਨੰਗਲ, ਗੁਰਦੁਆਰਾ ਮੰਡੀ ਸਾਹਿਬ (ਉਦਾਸੀਨ), ਡੇਰਾ ਮੰਗਲ ਦਾਸ ਜੀ, ਪ੍ਰਾਚੀਨ ਸ਼ਿਵ ਮੰਦਰ ਚੰਦੂ ਨੰਗਲ, ਮੰਦਰ ਮਹਾਤਮਾ, ਠਾਕੁਰਦੁਆਰਾ ਪੰਡੋਆ ਆਦਿ ਵਿਖੇ ਪਹੁੰਚੀ। ਉਥੇ ਟੀਮ ਨੇ ਇਨ੍ਹਾਂ ਅਸਥਾਨਾਂ ਦੀ ਇਤਿਹਾਸਕ ਜਾਣਕਾਰੀ ਪ੍ਰਾਪਤ ਕੀਤੀ ਅਤੇ ਇੱਥੋਂ ਦੀਆਂ ਤਸਵੀਰਾਂ ਲਈਆਂ।


ਹੁਣ ਡੇਹਰਾ ਬਾਬਾ ਨਾਨਕ ਦਾ ਪਿਛਲੇ ਸਾਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਵਿਕਾਸ ਹੋ ਚੁੱਕਾ ਹੈ, ਇਥੋਂ ਦੀ ਗਲੀਆਂ, ਨਾਲੀਆਂ, ਸੀਵਰੇਜ਼, ਸੜਕਾਂ ਆਦਿ ਬਣਾਉਣ ਵਿਚ ਨਗਰ ਕੌਂਸਲ ਨੇ ਅਹਿਮ ਰੋਲ ਅਦਾ ਕੀਤਾ ਹੈ। ਪੰਜਾਬ ਸਰਕਾਰ ਦੀ ਆਰਥਿਕ ਮਦਦ ਨਾਲ ਨਗਰ ਕੌਂਸਲ ਵਲੋਂ ਇਥੇ ਵਧੀਆ ਪਾਰਕ, ਫੂਡ ਸਟਰੀਟ ਡੇਹਰਾ ਬਾਬਾ ਨਾਨਕ ਨੂੰ ਜਾਂਦੀਆਂ ਸੜਕਾਂ ਤੇ ਗੇਟ ਬਹੁਤ ਤੇਜ਼ੀ ਨਾਲ ਬਣਾਏ ਜਾ ਰਹੇ ਹਨ। ਪੰਜਾਬ ਸਰਕਾਰ ਵਲੋਂ ਕਈ ਵਿਕਾਸ ਯੋਜਨਾਵਾਂ ਦੇ ਕਾਰਜ ਕੀਤੇ ਜਾ ਰਹੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਨਗਰ ਵਿੱਚੋਂ ਸ਼ਰਾਬ, ਮੀਟ ਦੀਆਂ ਦੁਕਾਨਾਂ ਬਾਹਰ ਕੱਢ ਦਿੱਤੀਆਂ ਹਨ ਅਤੇ ਪੰਜਾਬ ਸਰਕਾਰ ਵਲੋਂ ਇਸ ਨਗਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਲਈ ਕੇਂਦਰ ਸਰਕਾਰ ਨੂੰ ਵੀ ਲਿਖਿਆ ਗਿਆ ਹੈ। ਇਸ ਨਗਰ ਵਿਚ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਇਤਿਹਾਸਕ ਅਜਿੱਤੇ ਰੰਧਾਵੇ ਦਾ ਖੂਹ, ਨੂੰ ਬਾਬਾ ਸੇਵਾ ਸਿੰਘ ਕਾਰ ਸੇਵਾ (ਖਡੂਰ ਸਾਹਿਬ) ਵਾਲਿਆਂ ਵਲੋਂ ਨਵੀ ਦਿੱਖ ਦਿੱਤੀ ਜਾ ਰਹੀ ਹੈ। ਸੰਗਤਾਂ ਦੀ ਆਮਦ ਲਈ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਰ ਜਗ੍ਹਾ ਲੈ ਕੇ ਸਰਾਵਾਂ ਆਦਿ ਦਾ ਨਿਰਮਾਣ ਕਰ ਰਹੀ ਹੈ। ਇਸੇ ਤਰ੍ਹਾਂ ਨਗਰ ਵਿਚ ਸਥਿਤ ਪੁਰਾਤਨ ਮੰਦਰਾਂ ਅਤੇ ਚਰਚਾਂ ਦੀ ਦਿੱਖ ਵੀ ਪਹਿਲਾਂ ਨਾਲੋਂ ਬਦਲ ਗਈ ਹੈ ਅਤੇ ਕਈ ਨਵੇਂ ਮੰਦਰ ਬਣ ਚੁੱਕੇ ਹਨ।

ਡੇਹਰਾ ਬਾਬਾ ਨਾਨਕ ਹੁਣ ਤਹਿਸੀਲ ਹੈਡ ਕੁਆਟਰ ਬਣ ਚੁੱਕਾ ਹੈ। ਇਥੇ ਪੰਜਾਬ ਸਰਕਾਰ ਦੇ ਕਈ ਵਿਭਾਗਾਂ ਦੇ ਦਫ਼ਤਰ ਖੁੱਲ੍ਹ ਚੁੱਕੇ ਹਨ। ਇਸ ਨਗਰ ਵਿਚ ਮੈਡੀਕਲ ਸਹੂਲਤਾਂ ਦੇ ਨਾਲ ਨਾਲ ਨਗਰ ਕੌਂਸਲ ਦੁਆਰਾ ਸਫ਼ਾਈ ਦਾ ਵਿਸ਼ੇਸ ਧਿਆਨ ਰੱਖਿਆ ਜਾ ਰਿਹਾ ਹੈ। ਇਸ ਨਗਰ ਦੀ ਨਗਰ ਕੌਂਸਲ ਦੁਆਰਾ ਗਲੀਆਂ ਦੀ ਸਫਾਈ, ਨਾਲੀਆਂ, ਸੀਵਰੇਜ਼ ਵਿਵਸਥਾ ਦਾ ਵਿਸ਼ੇਸ ਧਿਆਨ ਰੱਖਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਜੰਗੀ ਪੱਧਰ 'ਤੇ ਡੇਹਰਾ ਬਾਬਾ ਨਾਨਕ ਦਾ ਵਿਕਾਸ ਕੀਤਾ ਜਾ ਰਿਹਾ ਹੈ। ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਜਲਦੀ ਹੀ ਖੁਲ੍ਹਣ ਜਾ ਰਿਹਾ ਹੈ। ਇਥੇ ਯਾਤਰੀ ਟਰਮੀਨਲ, ਚੈੱਕ ਪੋਸਟਾਂ ਤੇ ਹੋਰ ਕਈ ਦਫ਼ਤਰ ਖੋਲ੍ਹੇ ਜਾ ਰਹੇ ਹਨ। ਪਾਕਿਸਤਾਨ ਬਾਰਡਰ ਤੱਕ ਚਾਰ ਮਾਰਗੀ ਸੜਕ ਦਾ ਨਿਰਮਾਣ ਹੋ ਚੁੱਕਾ ਹੈ। ਡੇਹਰਾ ਬਾਬਾ ਨਾਨਕ ਦੇ ਵਿਕਾਸ ਲਈ ਪ੍ਰੋਜੈਕਟ ਮੁਕੰਮਲ ਕੀਤੇ ਜਾ ਰਹੇ ਹਨ ਅਤੇ ਦਿਲ ਖੋਲ੍ਹ ਕੇ ਫੰਡ ਦਿੱਤੇ ਜਾ ਰਹੇ ਹਨ। ਪਰਮਾਤਮਾ ਦੀ ਮਿਹਰ ਸਦਕਾ ਸਭ ਸ਼ਰਧਾਲੂਆਂ, ਸੰਗਤਾਂ ਦੀ ਆਸ ਨੂੰ ਬੂਰ ਲੱਗਣ ਲੱਗ ਪਿਆ ਹੈ।

ਡੇਹਰਾ ਬਾਬਾ ਨਾਨਕ ਪੁਸਤਕ ਦੇ ਸਰਵੇ ਵਿਚ ਜਿੱਥੇ ਮੈਨੂੰ ਪੱਤਰਕਾਰ ਭਾਈਚਾਰੇ ਵਲੋਂ ਸਹਿਯੋਗ ਦਿੱਤਾ ਗਿਆ ਉੱਥੇ ਇਥੋਂ ਦੇ ਸਾਬਕਾ ਪ੍ਰਿੰਸੀਪਲ ਸ੍ਰੀ ਪਿਆਰਾ ਲਾਲ, ਸ੍ਰੀ ਅਸ਼ੋਕ ਸੋਨੀ ਸਾਬਕਾ ਐਮ.ਸੀ., ਨਗਰ ਕੌਂਸਲ ਦੇ ਪ੍ਰਧਾਨ ਸ. ਪਰਮਜੀਤ ਸਿੰਘ ਵੱਲੋਂ ਵੀ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਹੈ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਰਣਜੀਤ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਦਾ ਇਤਿਹਾਸ ਦੱਸਿਆ ਗਿਆ ਅਤੇ ਇੱਥੇ ਕੀਤੇ ਜਾ ਰਹੇ ਅਤੇ ਭਵਿੱਖ ਵਿਚ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਇਸ ਸਰਵੇ ਨੂੰ ਸਫਲ ਬਣਾਉਣ ਲਈ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਸ੍ਰੀਮਤੀ ਕਰਮਜੀਤ ਕੌਰ ਜੀ ਨੇ ਵਿਸ਼ੇਸ ਤੌਰ ਤੇ ਇਸ ਪੁਸਤਕ ਦੀ ਸਮੱਗਰੀ ਇਕੱਤਰ ਕਰਨ ਵਿਚ ਵੱਡਮੁੱਲਾ ਯੋਗਦਾਨ ਪਾਇਆ। ਇਹਨਾਂ ਨਾਲ ਸਰਵੇ ਟੀਮ ਮੈਂਬਰ ਸ੍ਰੀਮਤੀ ਕੰਵਲਜੀਤ ਕੌਰ ਸਹਾਇਕ ਡਾਇਰਕੈਟਰ, ਸ੍ਰੀਮਤੀ ਪ੍ਰਿਤਪਾਲ ਕੌਰ ਸਹਾਇਕ ਡਾਇਰੈਕਟਰ, ਡਾ. ਹਰਨੇਕ ਸਿੰਘ ਸਹਾਇਕ ਡਾਇਰੈਕਟਰ, ਸ. ਭੁਪਿੰਦਰਪਾਲ ਸਿੰਘ, ਸੀਨੀਅਰ ਸਹਾਇਕ ਵੀ ਆਏ, ਜਿਨ੍ਹਾਂ ਨੇ ਇਸ ਪੁਸਤਕ ਨੂੰ ਮੁਕੰਮਲ ਕਰਨ ਵਿਚ ਬਹੁਤ ਮਦਦ ਕੀਤੀ। ਮੈਂ ਇਨ੍ਹਾਂ ਦੇ ਵਿਸ਼ੇਸ਼ ਸਹਿਯੋਗ ਦੇਣ ਲਈ ਧੰਨਵਾਦੀ ਹਾਂ। ਇਸ ਪੁਸਤਕ ਨੂੰ ਵਿਉਂਤ ਅਤੇ ਕੰਪੋਜਿੰਗ ਵਿਚ (ਸ੍ਰੀ ਆਲੋਕ ਚਾਵਲਾ, ਜ਼ਿਲ੍ਹਾ ਭਾਸ਼ਾ ਅਫ਼ਸਰ, ਸੰਗਰੂਰ, ਸ੍ਰੀਮਤੀ ਰਾਬੀਆ, ਖੋਜ ਅਫਸਰ, ਸ੍ਰੀਮਤੀ ਰਜਿੰਦਰ ਕੌਰ, ਜੂਨੀਅਰ ਸਹਾਇਕ, ਸ੍ਰੀਮਤੀ ਹਰਮਨਦੀਪ ਕੌਰ, ਜੂਨੀਅਰ ਸਹਾਇਕ ਅਤੇ ਸ. ਹਰਜੀਤ ਸਿੰਘ, ਸੀਨੀਅਰ ਸਹਾਇਕ, ਜ਼ਿਲ੍ਹਾ ਭਾਸ਼ਾ ਦਫ਼ਤਰ, ਅੰਮ੍ਰਿਤਸਰ, ਸ. ਜਸਬੀਰ ਸਿੰਘ, ਜੂਨੀਅਰ ਸਹਾਇਕ, ਜ਼ਿਲ੍ਹਾ ਭਾਸ਼ਾ ਦਫ਼ਤਰ, ਅੰਮ੍ਰਿਤਸਰ) ਨੇ ਵੱਡਮੁੱਲਾ ਯੋਗਦਾਨ ਪਾਇਆ ਹੈ।

ਮੈਂ ਉਸ ਪਰਮ ਪਿਤਾ ਪਰਮਾਤਮਾ ਦਾ ਕੋਟਿ-ਕੋਟਿ ਸ਼ੁਕਰਗੁਜ਼ਾਰ ਹਾਂ ਕਿ ਵਿਭਾਗ ਵੱਲੋਂ ਇਸ ਪਵਿੱਤਰ ਸਥਾਨ ਦੇ ਸਰਵੇ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ। ਮੈਂ ਪੂਰੀ ਤਨਦੇਹੀ ਅਤੇ ਸ਼ਿੱਦਤ ਨਾਲ ਇਸ ਪਵਿੱਤਰ ਕਾਰਜ ਨੂੰ ਸੰਪੂਰਨ ਕਰਨ ਦਾ ਯਤਨ ਕੀਤਾ ਹੈ। ਫਿਰ ਵੀ ਅਚਨਚੇਤ ਰਹਿ ਗਈਆਂ ਊਣਤਾਈਆਂ ਆਪਣੇ ਸਿਰ ਅਤੇ ਵਡਿਆਈ ਪਰਮ ਪਿਤਾ ਪਰਮਾਤਮਾ ਦੇ ਲੇਖੇ ਲਾਉਂਦਾ ਹਾਂ। ਪਾਠਕਾਂ ਦੇ ਭਰਪੂਰ ਹੁੰਗਾਰੇ ਦੀ ਉਡੀਕ ਵਿਚ.....



**ਡਾ. ਭੁਪਿੰਦਰ ਸਿੰਘ ਮੱ**
**ਜ਼ਿਲ੍ਹਾ ਭਾਸ਼ਾ ਅਫਸਰ,ਅੰਮ੍ਰਿਤਸ**

# ਤਤਕਰਾ


| ਲੜੀ ਨੰ. | ਵਿਸ਼ਾ | ਪੰਨਾ ਨੰ. |
|---|---|---|
| 1. | ਨਗਰ ਬਾਰੇ ਵਾਕਫ਼ੀਅਤ | 1 |
| 2. | ਮੁਹੱਲੇ, ਬਜ਼ਾਰਾਂ ਅਤੇ ਪੱਤੀਆਂ ਦੇ ਨਾਂ | 2 |
| 3. | ਜਾਤਾਂ ਗੋਤਾਂ ਦਾ ਵੇਰਵਾ | 4 |
| 4. | ਪ੍ਰਚੱਲਿਤ ਵੱਖ-ਵੱਖ ਕਿੱਤੇ | 5 |
| 5. | ਭੋਂ ਦੀਆਂ ਕਿਸਮਾਂ ਅਤੇ ਰਕਬਾ | 6 |
| | ੳ. ਸ਼ਾਮਲਾਤ ਦਾ ਰਕਬਾ ਅਤੇ ਉਸ ਦੀ ਵਰਤੋਂ | 6 |
| | ਅ. ਪਰਿਵਾਰ ਦੀ ਵੱਧ ਤੋਂ ਵੱਧ ਤੇ ਘੱਟ ਤੋਂ ਘੱਟ ਜ਼ਮੀਨ | 6 |
| 6. | ਮੁੱਖ ਫਸਲਾਂ | 7 |
| | ੳ. ਫਲ ਤੇ ਸਬਜ਼ੀਆਂ | 7 |
| 7. | ਥੇਹ | 8 |
| 8. | ਛੱਪੜ | 8 |
| 9. | ਸਰੋਵਰ ਅਤੇ ਬਉਲੀ | 9 |
| 10. | ਦਰਿਆ | 9 |
| 11. | ਡੇਹਰਾ ਬਾਬਾ ਨਾਨਕ ਦਾ ਇਤਿਹਾਸ | 10 |
| 12. | ਅੱਜ ਦਾ ਡੇਹਰਾ ਬਾਬਾ ਨਾਨਕ | 13 |
| 13. | ਨਗਰ ਦਾ ਆਲਾ-ਦੁਆਲਾ ਅਤੇ ਇਤਿਹਾਸਕ ਥਾਵਾਂ | 15 |
| 14. | ਯਾਦਗਾਰੀ ਥਾਵਾਂ, ਵਸਤਾਂ ਅਤੇ ਉਨ੍ਹਾਂ ਦਾ ਇਤਿਹਾਸ | 22 |
| 15. | ਮਹਾਂਪੁਰਸ਼ ਅਤੇ ਪ੍ਰਸਿੱਧ ਵਿਅਕਤੀ | 40 |
| 16. | ਦੁਰਘਟਨਾਵਾਂ, ਹੜ੍ਹ ਅਤੇ ਹੋਰ ਅਭੁੱਲ ਘਟਨਾਵਾਂ | 54 |
| 17. | ਵਿਦਿਅਕ ਸੰਸਥਾਵਾਂ | 57 |
| 18. | ਨਗਰ ਦੀ ਸਾਹਿਤ ਸਭਾ | 58 |
| 19. | ਨਗਰ ਦੇ ਸਾਹਿਤਕਾਰ | 59 |
| 20. | ਹੱਥ ਲਿਖਤਾਂ ਦਾ ਵੇਰਵਾ | 68 |
| 21. | ਪਟੇ ਤੇ ਚਿੱਤਰ | 72 |
| 22. | ਮੇਲੇ ਤੇ ਉਤਸਵ | 74 |
| 23. | ਅਦਾਕਾਰ, ਚਿੱਤਰਕਾਰ, ਕਲਾਕਾਰ, ਗਾਇਕ, ਸੰਗੀਤਕਾਰ ਅਤੇ ਪੱਤਰਕਾਰ | 78 |
| 24. | ਸਮਾਜ ਸੇਵਕ | 87 |
| 25. | ਨਗਰ ਬਾਰੇ ਹੋਰ ਜਾਣਕਾਰੀ | 88 |
| 26. | ਖੇਡਾਂ | 91 |
| 27. | ਬਿਰਧ ਵਿਅਕਤੀ ਨਾਲ ਮੁਲਾਕਾਤ | 93 |
| 28. | ਪ੍ਰਚੱਲਿਤ ਰਸਮੋਂ-ਰਿਵਾਜ਼ | 96 |
| 29. | ਲੋਕ ਕਥਾਵਾਂ | 110 |
| 30. | ਲੋਕ ਗੀਤਾਂ ਦਾ ਵੇਰਵਾ | 116 |
| 31. | ਬੁਝਾਰਤਾਂ | 141 |
| 32. | ਮੁਹਾਵਰੇ | 147 |
| 33 | ਸੂਚਕਾਂ ਦਾ ਵੇਰਵਾ | 148 |

# ਨਗਰ ਬਾਰੇ ਵਾਕਫ਼ੀਅਤ

| | | | |
|---|---|---|---|
| 1. | ਨਗਰ ਦਾ ਨਾਂ | : | **ਡੇਹਰਾ ਬਾਬਾ ਨਾਨਕ** |
| | ਨਗਰ ਦੇ ਹੋਰ ਨਾਂ | : | ਦੇਹਰਾ ਬਾਬਾ ਨਾਨਕ, ਪੱਖੋਕੇ, ਕੋਟ ਲਖਪਤ, ਪੱਖੋਕੇ ਟਾਹਲੀ ਸਾਹਿਬ, ਕੋਟ ਫਤਿਹ ਮੁਹੰਮਦ |
| 2. | ਕੁੱਲ ਰਕਬਾ | : | 28159 ਹੈਕਟੇਅਰ |
| 3. | ਕੁਲ ਪਿੰਡ | : | 123 |
| 4. | ਬੇਚਰਾਗ ਪਿੰਡ | : | 5 |
| 5. | ਅਬਾਦੀ ਵਾਲੇ ਪਿੰਡ | : | 118 |
| 6. | ਕੁਲ ਅਬਾਦੀ | : | 117991 (2011 ਜਨਗਣਨਾ ਅਨੁਸਾਰ )<br>ਮਰਦ : 62385<br>ਔਰਤਾਂ : 55606 |
| 7. | ਪਟਵਾਰ ਸਰਕਲ | : | 39 |
| 8. | ਕਾਨੂੰਗੋ ਸਰਕਲ | : | 4 |
| 9. | ਨੰਬਰਦਾਰ | : | 207 |
| 10. | ਚੌਕੀਦਾਰ | : | 103 |
| 11. | ਜ਼ਿਲ੍ਹਾ | : | ਗੁਰਦਾਸਪੁਰ |
| 12. | ਤਹਿਸੀਲ | : | ਡੇਹਰਾ ਬਾਬਾ ਨਾਨਕ |
| 13. | ਬਲਾਕ | : | ਡੇਹਰਾ ਬਾਬਾ ਨਾਨਕ |
| 14. | ਸਟੇਸ਼ਨ | : | ਡੇਹਰਾ ਬਾਬਾ ਨਾਨਕ |
| 15. | ਪਹੁੰਚ ਸੜਕ | : | (ੳ) ਡੇਹਰਾ ਬਾਬਾ ਨਾਨਕ ਤੋਂ ਅੰਮ੍ਰਿਤਸਰ ਵਾਇਆ ਰਮਦਾਸ<br>(ਅ) ਡੇਹਰਾ ਬਾਬਾ ਨਾਨਕ ਤੋਂ ਅੰਮ੍ਰਿਤਸਰ ਵਾਇਆ ਫਤਿਹਗੜ੍ਹ ਚੂੜੀਆਂ<br>(ੲ) ਡੇਹਰਾ ਬਾਬਾ ਨਾਨਕ ਤੋਂ ਬਟਾਲਾ<br>(ਸ) ਡੇਹਰਾ ਬਾਬਾ ਨਾਨਕ ਤੋਂ ਗੁਰਦਾਸਪੁਰ |
| 16. | ਪਹੁੰਚ ਲਈ ਰੇਲ ਮਾਰਗ | : | ਅੰਮ੍ਰਿਤਸਰ ਤੋਂ ਡੇਹਰਾ ਬਾਬਾ ਨਾਨਕ |
| 17. | ਹਵਾਈ ਅੱਡਾ | : | ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ |